ਨਿੱਕੀਆਂ ਸ਼ਬਦ ਕਹਾਣੀਆਂ

Little Shabad Stories

maastarji.com

ਜੋ ਸਾਡੀ ਰਾਖੀ ਕਰਦਾ ਹੈ

The One Who Keeps Us Safe

ਜੋ ਸਾਡੀ ਰਾਖੀ ਕਰਦਾ ਹੈ

The One Who Keeps Us Safe

Little Shabad Stories

maastarji.com · Free for every family

ਸਿਡਨੀ ਵਿੱਚ ਬੜੀ ਗਰਮੀ ਸੀ।

It was very hot in Sydney.

ਸ਼ਾਮ ਵੇਲੇ ਇੱਕ ਤੇਜ਼ ਹਨੇਰੀ ਝੁੱਲਣ ਲੱਗੀ।

In the evening, a strong wind began to blow.

ਹਨੇਰੀ ਨਾਲ ਖਿੜਕੀਆਂ ਖੜਕ ਰਹੀਆਂ ਸਨ।

The wind rattled the windows.

ਬਾਹਰ ਰੁੱਖ ਝੂਲ ਰਹੇ ਸਨ।

Outside, the trees were swaying.

ਵੀਰ ਨੇ ਆਪਣੇ ਕੰਨਾਂ 'ਤੇ ਹੱਥ ਰੱਖ ਲਏ।

Veer put his hands over his ears.

"ਹਨੇਰੀ ਕਿੰਨੀ ਤੇਜ਼ ਝੁੱਲ ਰਹੀ ਹੈ!" ਵੀਰ ਬੋਲਿਆ।

"The wind is blowing so hard!" said Veer.

ਉਹ ਭੱਜ ਕੇ ਪਿਤਾ ਜੀ ਦੀ ਗੋਦੀ ਵਿੱਚ ਜਾ ਬੈਠਾ।

He ran and sat in Daddy's lap.

"ਮੈਨੂੰ ਡਰ ਲੱਗ ਰਿਹਾ ਹੈ," ਉਹ ਹੌਲੀ ਜਿਹੇ ਬੋਲਿਆ।

"I feel scared," he said softly.

ਬਾਹਰ ਹਨੇਰੀ ਹੋਰ ਵੀ ਤੇਜ਼ ਹੋ ਗਈ।

Outside, the wind blew even harder.

ਪਿਤਾ ਜੀ ਨੇ ਵੀਰ ਨੂੰ ਘੁੱਟ ਕੇ ਗਲ ਨਾਲ ਲਾ ਲਿਆ।

Daddy hugged Veer tight.

"ਵੀਰ, ਇੱਕ ਰਾਖਾ ਹੈ ਜੋ ਸਾਡੇ ਆਲੇ-ਦੁਆਲੇ ਇੱਕ ਘੇਰਾ ਬਣਾ ਕੇ ਰੱਖਦਾ ਹੈ।"

"Veer, there is a Protector who draws a circle all around us."

"ਉਸ ਘੇਰੇ ਦੇ ਅੰਦਰ, ਇਹ ਹਨੇਰੀ ਵੀ ਸਾਨੂੰ ਛੂਹ ਨਹੀਂ ਸਕਦੀ।"

"Even the wind cannot touch us inside that circle."

"ਉਹ ਰਾਖਾ ਵਾਹਿਗੁਰੂ ਜੀ ਹਨ।"

"That Protector is Waheguru."

ਪਿਤਾ ਜੀ ਨੇ ਹੌਲੀ ਜਿਹੇ ਗੁਰੂ ਜੀ ਦੇ ਮਿੱਠੇ ਬੋਲ ਗਾਏ:

Softly, Daddy sang the words of Guru Ji:

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥

Not even a hot wind can touch us when we are kept safe in the care of Waheguru.

GURU ARJAN DEV JI · SRI GURU GRANTH SAHIB JI · ANG 819 · RAAG BILAAVAL

ਵੀਰ ਨੇ ਅੱਖਾਂ ਮੀਟ ਕੇ ਸੋਚਿਆ।

Veer closed his eyes and thought.

ਉਸ ਨੇ ਹਵਾ ਵਿੱਚ ਉਂਗਲ ਨਾਲ ਇੱਕ ਨਿੱਕਾ ਜਿਹਾ ਘੇਰਾ ਬਣਾਇਆ।

He drew a little circle in the air with his finger.

ਉਸ ਨੂੰ ਲੱਗਾ ਜਿਵੇਂ ਇੱਕ ਨਿੱਘਾ ਘੇਰਾ ਉਹਨਾਂ ਦੇ ਘਰ ਦੁਆਲੇ ਹੋਵੇ।

He felt as if a warm circle was all around their home.

ਬਾਹਰ ਹਨੇਰੀ ਅਜੇ ਵੀ ਝੁੱਲ ਰਹੀ ਸੀ...

Outside, the wind was still blowing...

...ਪਰ ਅੰਦਰ ਵੀਰ ਬੜੇ ਸੁੱਖ ਅਤੇ ਅਰਾਮ ਨਾਲ ਬੈਠਾ ਸੀ।

...but inside, Veer sat safe and calm.

"ਵਾਹਿਗੁਰੂ ਜੀ ਸਾਡੇ ਰਾਖੇ ਹਨ," ਉਹ ਮੁਸਕਰਾਇਆ।

"Waheguru is our Protector," he smiled.

For Grown-Ups

WHAT THIS STORY IS ABOUT

This is a first taste of ਸਰਣਾਈ — the deep Sikh trust that we are held in Waheguru's protection, a ਰਾਮ ਕਾਰ (circle of grace) on all four sides. Written for the very young, it offers a steady, gentle comfort: that inside Waheguru's care a child can feel safe and calm even while the wind is loud outside. A lovely one to share the next time a thunderstorm or a wild wind frightens a little one, or if you are learning this much-loved shabad in kirtan.

WORDS YOU'LL MEET

ਸਰਣਾਈ — sarnaai: Being kept safe in someone's care and protection; taking shelter with them

ਰਾਖਾ — raakha: A protector — the one who keeps us safe

ਘੇਰਾ — ghera: A circle drawn all the way around something

ਤਾਤੀ ਵਾਉ — taatee vaau: A hot, scorching wind — in the shabad it stands for any trouble or harm, which cannot touch those kept safe in Waheguru's care

ਵਾਹਿਗੁਰੂ — Waheguru: The Wonderful Creator

QUESTIONS FOR BEDTIME

Let's Talk About It

The loud wind made Veer feel scared, and he ran to Daddy's lap. What is something that feels a bit scary to you? Where do you like to go when you feel that way?

Let's Think About It

Daddy said Waheguru draws a warm circle all around us that keeps us safe. What do you think it feels like to be inside that circle?

Let's Try It

Next time you hear a loud storm or wind, draw a little circle in the air like Veer and say softly, "Waheguru is our Protector." You can say it together — grown-ups too!

Let's Look

Can you find Veer's toy kookaburra on every page? And where did the wind blow the little red sock?

Now sing the whole shabad

The story sings just one line of it. Here is the complete shabad, with its meaning — lovely to read and sing together now that you've shared the story.

ਬਿਲਾਵਲੁ ਮਹਲਾ ੫ ॥

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥

Not even a hot wind can touch us when we are kept safe in the care of Waheguru.

ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥

All around us is Waheguru's circle of protection, so no pain can reach us. ॥1॥

ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥

We have met the perfect True Guru, who made it so.

ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥੧॥ ਰਹਾਉ ॥

The Guru gave us the healing medicine of Waheguru's Name, and joined our love to the One. ॥1॥ Pause ॥

ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ ॥

The Protector kept us safe and took away every trouble.

ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ ॥੨॥੧੫॥੭੯॥

Says Nanak: Waheguru showered grace, and became our help and support. ॥2॥15॥79॥

ਮਾਸਟਰ ਜੀ

You don't have to be fluent to raise proud Sikh kids. Free stories, Sikh values and the meaning of Gurbani — in English first, with a gentle path to Gurmukhi when your child's ready. Made by Sikh parents figuring it out too.

Free for every family.
maastarji.com · maastarji.substack.com

Written by the Maastarji team · Gursharn Singh
© 2026 maastarji.com